# ਇੱਕ ਦੂਜੇ ਨਾਲ ਬੱਝਣ ਦਾ ਐਲਾਨ

DAVID SUZUKI FOUNDATION
One nature.

FONDATION DAVID SUZUKI
Un monde. Une nature.

## ਅਸੀਂ ਜਾਣਦੇ ਹਾਂ

ਅਸੀਂ ਦੁਨੀਆਂ ਹਾਂ,  ਉਹਨਾਂ ਪੌਦਿਆਂ ਅਤੇ ਜਾਨਵਰਾਂ ਰਾਹੀ ਜੋ ਸਾਡੀ ਖੁਰਾਕ ਬਣਦੇ ਨੇ।
ਅਸੀਂ ਉਹ ਮੀਂਹ ਅਤੇ ਦਰਿਆ ਹਾਂ ਜੋ ਸਾਡੀਆਂ ਰਗਾਂ ਵਿੱਚ ਵੱਸਦੇ ਨੇ।
ਅਸੀਂ ਧਰਤੀ ਦੇ ਜੰਗਲਾਂ ਦੇ ਸਾਹ ਹਾਂ, ਅਤੇ ਸਮੁੰਦਰ ਦੇ ਪੌਦੇ।
ਅਸੀਂ ਮਨੁੱਖੀ ਜਾਨਵਰ ਹਾਂ,
ਬਾਕੀ ਸਾਰੇ ਜੀਵਾਂ ਨਾਲ ਸਭ ਤੋਂ ਪਹਿਲੇ ਕੋਸ਼ ਦੀ ਔਲਾਦ ਵਾਂਗ ਜੁੜੇ ਹੋਏ।
ਅਸੀਂ ਇਸ ਪਰਿਵਾਰ ਨਾਲ ਇਕ ਇਤਿਹਾਸ ਵਿੱਚ ਸਾਂਝੀਦਾਰ ਹਾਂ,
ਜੋ ਸਾਡੀ ਜ਼ੀਨਜ਼ ਵਿੱਚ ਲਿਖਿਆ ਹੋਇਆ।
ਸਾਡਾ ਵਰਤਮਾਨ ਸਾਂਝਾ ਹੈ, ਬੇਯਕੀਨੀ ਨਾਲ ਭਰਿਆ ਹੋਇਆ।
ਸਾਡਾ ਭਵਿਖ ਸਾਂਝਾ ਹੈ, ਜੋ ਅਜੇ ਅਣਦੱਸਿਆ ਹੈ।
ਅਸੀਂ ਮਨੁੱਖ ਤਾਂ ਤਿੰਨ ਕਰੋੜ ਨਸਲਾਂ ਵਿਚੋਂ ਇੱਕ ਨਸਲ ਹਾਂ।
ਜਿੰਦਗੀ ਦੀ ਬਰੀਕ ਤਹਿ ਨੂੰ ਬੁਣਦੀ ਹੋਈ ਜੋ ਸਾਰੀ ਦੁਨੀਆ ਨੂੰ ਲਪੇਟਦੀ ਹੈ।
ਜਿਉਂਦੀਆਂ ਚੀਜ਼ਾਂ ਦੇ ਭਾਈਚਾਰਿਆਂ ਦੀ ਮਜ਼ਬੂਤੀ ਇੱਕ ਵੱਖਰੇਪਣ ਉੱਤੇ ਨਿਰਭਰ ਹੈ।
ਇੱਕ ਜ਼ਾਲ ਦੀ ਸੰਗਲੀ ਰਾਹੀਂ ਇੱਕ ਦੂਜੇ ਨਾਲ ਜੁੜੇ ਹੋਏ,
ਵਰਤ ਰਹੇ,  ਸਾਫ਼ ਹੋ ਰਹੇ, ਵੰਡ ਛਕ ਰਹੇ, ਤੇ ਜ਼ਿੰਦਗੀ ਦੇ ਤੱਤਾਂ ਨੂੰ ਵਧਾ ਰਹੇ।
ਸਾਡਾ ਘਰ, ਇਹ ਧਰਤੀ ਮੁੱਕਣਯੋਗ ਹੈ।
ਸਾਰੇ ਜੀਵ ਇਸ ਦੇ ਸੋਮੇ ਸੂਰਜ ਦੀ ਸ਼ਕਤੀ ਨੂੰ ਵਰਤਦੇ ਹਨ।
ਇਸ ਲਈ ਸੋਮਿਆਂ ਦੇ ਵਧਣ ਦੀ ਇਕ ਹੱਦ ਹੈ।
ਅਸੀਂ ਪਹਿਲੀ ਵਾਰ ਇਸ ਹੱਦ ਤਕ ਪਹੁੰਚ ਗਏ ਹਾਂ।
ਜਦੋਂ ਅਸੀਂ ਹਵਾ, ਪਾਣੀ, ਧਰਤੀ ਅਤੇ ਜ਼ਿੰਦਗੀ ਦੀ ਭਿੰਨਤਾ ਨੂੰ
ਖਰਾਬੀ ਨਾਲ ਵਰਤਦੇ ਹਾਂ।
ਤਾਂ ਅਸੀਂ ਦੌੜ ਰਹੇ ਵਰਤਮਾਨ ਦੀ ਸੇਵਾ ਖਾਤਿਰ ਅਨੰਤ ਭਵਿੱਖ ਵਿਚੋਂ ਚੋਰੀ ਕਰਦੇ ਹਾਂ।
ਅਸੀਂ ਇਹਨਾਂ ਗੱਲਾਂ ਨੂੰ ਮੰਨਣ ਤੋਂ ਇਨਕਾਰ ਕਰ ਸਕਦੇ ਹਾਂ।
ਪਰ ਇਹਨਾਂ ਨੂੰ ਬਦਲ ਨਹੀਂ ਸਕਦੇ।

## ਸਾਡਾ ਵਿਸ਼ਵਾਸ ਹੈ

ਅਸੀਂ ਗਿਣਤੀ ਵਿਚੋਂ ਅਣਗਿਣਤ ਅਤੇ ਸਾਡੇ ਹਥਿਆਰ ਇੰਨੇ ਤਾਕਤਵਰ,
ਅਸੀਂ ਆਪਣੇ ਸਾਥੀ ਜੀਵਾਂ ਦਾ ਨਾਸ਼ ਕਰਕੇ,
ਨਦੀਆਂ ਦਾ ਪਾਣੀ ਖਤਮ ਕਰਕੇ, ਧਰਤੀ ਮੀਂਹ, ਅਤੇ ਹਵਾ ਨੂੰ ਜ਼ਹਿਰੀਲੀ ਬਣਾ ਕੇ,
ਅਸਮਾਨ ਵਿੱਚ ਗਲੀਆਂ ਬਣਾ ਦਿਤੀਆਂ ਨੇ।
ਸਾਡੀ ਸਾਇੰਸ ਨੇ ਸਾਨੂੰ ਖੁਸ਼ੀਆਂ ਅਤੇ ਦੁੱਖ ਦੋਵੇਂ ਦਿੱਤੇ,
ਲੇਕਿਨ ਆਪਣੇ ਸੁੱਖ ਦੀ ਕੀਮਤ ਕਰੋੜਾਂ ਨੂੰ ਤੜਪਾ ਕੇ ਦਿੱਤੀ ਹੈ।
ਅਸੀਂ ਆਪਣੀਆਂ ਗਲਤੀਆਂ ਤੋਂ ਸਿੱਖੇ, ਆਪਣੇ ਮਿਟੇ ਹੋਏ ਟੱਬਰਾਂ ਦਾ ਅਫ਼ਸੋਸ ਕੀਤਾ,
ਹੁਣ ਅਸੀਂ ਆਪਣੀਆਂ ਸਿਆਣੀਆਂ ਉਮੀਦਾਂ ਦੀ ਆਸ ਬਣਾਈ ਬੈਠੇ ਹਾਂ।
ਸਾਨੂੰ ਸਾਫ ਪਾਣੀ, ਹਵਾ ਅਤੇ ਮਿੱਟੀ ਦੀ ਜ਼ਰੂਰਤ ਹੈ ਅਤੇ
ਅਸੀਂ ਇਸ ਜ਼ਰੂਰਤ ਨੂੰ ਕਾਇਮ ਰੱਖਣਾ ਚਾਹੁੰਦੇ ਹਾਂ।
ਸਾਨੂੰ ਇਸ ਗਲਤੀ ਦੀ ਸਮਝ ਹੈ,
ਕਿ ਜੋ ਚੀਜ਼ਾਂ ਬਹੁਤ ਥੋੜਿਆਂ ਦਾ ਫਾਇਦਾ ਕਰਦੀਆਂ ਹਨ ,
ਉਹ ਬਹੁਤ ਜ਼ਿਆਦਾ ਦੇ ਅਧਿਕਾਰਾਂ ਨੂੰ ਸਮੇਟ ਜਾਂਦੀਆਂ ਨੇ।
ਵਾਤਾਵਰਣ ਦਾ ਅਪਮਾਨ ਜੀਵ ਵਿਗਿਆਨ ਪੂੰਜੀ ਨੂੰ ਸਦਾ ਲਈ ਨਸ਼ਟ ਕਰਦਾ ਹੈ।
ਅਸੀਂ ਇਸ ਦੀ ਸਮਾਜਿਕ ਕੀਮਤ ਉੱਨਤੀ ਦੇ ਸੰਤੁਲਨ ਵਿਚੋਂ ਜੋਖਣੀ ਹੈ।
ਅਸੀਂ ਤਾਂ ਇਕ ਨਸਲ ਹਾਂ, ਇਸ ਲੰਬੇ ਸਮੇ ਦੀ ਤਰੱਕੀ ਵਿਚ ਥੋੜੀ ਦੇਰ ਵਸਣ ਵਾਲੀ,
ਇਹ ਭਵਿਖ ਸਾਡੇ ਮਿਟਾਉਣ ਵਾਸਤੇ ਨਹੀਂ।
ਇਸ ਗਿਆਨ ਦੀ ਹੋਂਦ ਵਿਚ ਅਸੀਂ ਉਹਨਾਂ ਨੂੰ ਯਾਦ ਰਖਾਂਗੇ,
ਜੋ ਸਾਵਧਾਨੀ ਦੇ ਫਰਜ਼ ਦਾ ਗਿਆਨ ਕਰਕੇ ਸਾਡੇ ਪਿੱਛੇ ਚਲਣਗੇ।



Artwork by Michael Nicoll Yahgulanaas

## ਸਾਡਾ ਫੈਸਲਾ ਹੈ

ਇਹ ਸਭ ਗੱਲਾਂ ਜੋ ਸਾਡੀ ਜਾਣਕਾਰੀ ਅਤੇ ਸਾਡਾ ਵਿਸ਼ਵਾਸ ਹਨ,
ਸਾਡੀ ਜ਼ਿੰਦਗੀ ਦੀ ਬੁਨਿਆਦ ਬਣਨੀਆਂ ਨੇ।
ਸਾਡੇ ਅਤੇ ਧਰਤੀ ਦੇ ਰਿਸ਼ਤੇ ਦੇ ਇਸ ਮੋੜ ਤੇ
ਅਸੀਂ ਹੁਣ ਇਕ ਵਿਕਾਸ ਕਰਨਾ ਹੈ।ਪ੍ਰਧਾਨਤਾ ਤੋਂ ਸਾਂਝੀਦਾਰੀ ਦਾ,
ਟੁਟਿਆਂ ਤੋਂ ਜੁੜਨ ਦਾ , ਭੈ ਤੋਂ ਇੱਕ ਦੂਜੇ ਨਾਲ ਬੱਝਣ ਦਾ।